BRITISH COLUMBIA | HealthLinkBC

Punjabi - Number 101a
September 2008

# ਹਿਊਮਨ ਪੈਪਿਲੋਮਾਵਾਇਰਸ (ਐਚ.ਪੀ.ਵੀ.) ਇਨਫੈਕਸ਼ਨ
# Human Papillomavirus (HPV) Infection

## ਐਚ.ਪੀ.ਵੀ. ਇਨਫੈਕਸ਼ਨ (ਛੂਤ) ਕੀ ਹੈ?

ਐਚ.ਪੀ.ਵੀ. ਲਿੰਗਿਕ (ਸੈਕਸੂਅਲ) ਸੰਪਰਕ ਨਾਲ ਹੋਣ ਵਾਲੀਆਂ ਇਨਫੈਕਸ਼ਨਾਂ (ਐਸ.ਟੀ.ਆਈਜ਼) ਵਿਚੋਂ ਸਭ ਤੋਂ ਵੱਧ ਹੋਣ ਵਾਲੀ ਛੂਤ ਹੈ।ਐਚ.ਪੀ.ਵੀ. ਦੀਆਂ 100 ਤੋਂ ਵੱਧ ਕਿਸਮਾਂ ਹਨ।ਦੋ ਕਿਸਮਾਂ ਅਜਿਹੀਆਂ ਹਨ ਜੋ ਔਰਤਾਂ ਵਿਚ 70 ਫ਼ੀਸਦੀ ਸਰਵਿਕਸ (ਬੱਚੇਦਾਨੀ ਦਾ ਮੂੰਹ) ਦਾ ਕੈਂਸਰ ਪੈਦਾ ਕਰਦੀਆਂ ਹਨ। ਦੂਜੀਆਂ 2 ਕਿਸਮਾਂ ਅਜਿਹੀਆਂ ਹਨ ਜੋ ਔਰਤਾਂ ਅਤੇ ਮਰਦਾਂ ਵਿਚ ਜਣਨ ਅੰਗਾਂ (ਜੈਨੀਟਲਜ਼) ਉਤੇ ਮੌਹਕੇ ਕਰ ਸਕਦੀਆਂ ਹਨ।

## ਐਚ.ਪੀ.ਵੀ. ਕਿਵੇਂ ਫੈਲਦੀ ਹੈ?

ਐਚ.ਪੀ.ਵੀ. ਇਕ ਤੋਂ ਦੂਜੇ ਇਨਸਾਨ ਤੱਕ ਚਮੜੀ ਦੇ ਚਮੜੀ ਨਾਲ ਸੰਪਰਕ ਨਾਲ ਫੈਲਦੀ ਹੈ ਜਦੋਂ ਮੂੰਹ ਨਾਲ, ਯੋਨੀ ਰਾਹੀਂ ਜਾਂ ਮਲ-ਦੁਆਰ ਰਾਹੀਂ ਲਿੰਗਿਕ ਸਰਗਰਮੀ ਕੀਤੀ ਜਾਂਦੀ ਹੈ।ਐਚ.ਪੀ.ਵੀ. ਦੀ ਇਨਫੈਕਸ਼ਨ ਹੋਣ ਲਈ ਲਿੰਗਕ ਭੋਗ ਜ਼ਰੂਰੀ ਨਹੀਂ।

ਐਚ.ਪੀ.ਵੀ. ਦੀ ਇਨਫੈਕਸ਼ਨ ਜਣਨ ਅੰਗਾਂ ਅਤੇ ਉਨ੍ਹਾਂ ਦੇ ਆਸ ਪਾਸ ਦੀ ਸਾਰੀ ਚਮੜੀ ਨੂੰ ਇਨਫੈਕਟ ਕਰ ਸਕਦੀ ਹੈ। ਇਸ ਵਿਚ ਯੋਨੀ, ਬੱਚੇਦਾਨੀ ਦਾ ਮੂੰਹ, ਗੁਦਾ, ਮਰਦ-ਲਿੰਗ, ਵਲਵਾ (ਭਗ), ਅਤੇ ਮਲ-ਦੁਆਰ ਸ਼ਾਮਲ ਹਨ।ਇਹ ਸੰਭਵ ਹੈ ਕਿ ਇਕੋ ਸਮੇਂ ਐਚ.ਪੀ.ਵੀ. ਦੀਆਂ ਇਕ ਤੋਂ ਵੱਧ ਕਿਸਮਾਂ ਦੀ ਇਨਫੈਕਸ਼ਨ ਹੋ ਜਾਵੇ।

## ਐਚ.ਪੀ.ਵੀ. ਦੇ ਲੱਛਣ ਕੀ ਹਨ?

ਬਹੁਤੇ ਲੋਕਾਂ ਵਿਚ ਐਚ.ਪੀ.ਵੀ. ਦੀ ਇਨਫੈਕਸ਼ਨ ਦੇ ਕੋਈ ਨਿਸ਼ਾਨ ਜਾਂ ਲੱਛਣ ਨਹੀਂ ਦਿਸਦੇ, ਅਤੇ ਉਹ ਅਣਜਾਣੇ ਹੀ ਐਚ.ਪੀ.ਵੀ. ਦੂਜਿਆਂ ਨੂੰ ਦੇ ਸਕਦੇ ਹਨ।

## ਐਚ.ਪੀ.ਵੀ. ਇਨਫੈਕਸ਼ਨ ਕਿੰਨੀ ਕੁ ਫੈਲਦੀ ਹੈ?

ਲਿੰਗਿਕ ਤੌਰ ਤੇ ਸਰਗਰਮ ਚੌਹਾਂ ਵਿਚੋਂ ਤਿੰਨ ਔਰਤਾਂ ਨੂੰ ਜੀਵਨ ਵਿਚ ਕਿਸੇ ਸਮੇਂ ਘੱਟੋ ਘੱਟ ਇਕ ਵਾਰ ਐਚ.ਪੀ.ਵੀ. ਇਨਫੈਕਸ਼ਨ ਜ਼ਰੂਰ ਹੋਵੇਗੀ।ਤੁਹਾਡੇ ਜਿੰਨੇ ਬਹੁਤੇ ਲਿੰਗਕ ਪਾਰਟਨਰ ਹੋਣਗੇ ਉਨਾ ਹੀ ਵਾਇਰਸ ਫੈਲਾਉਣ ਦਾ ਅਤੇ ਐਚ.ਪੀ.ਵੀ. ਇਨਫੈਕਸ਼ਨ ਹੋਣ ਦਾ ਖ਼ਤਰਾ ਬਹੁਤਾ ਹੋਵੇਗਾ।

## ਐਚ.ਪੀ.ਵੀ. ਇਨਫੈਕਸ਼ਨ ਦੇ ਖ਼ਤਰੇ ਕੀ ਹਨ?

ਬਹੁਤੀਆਂ ਔਰਤਾਂ ਵਿਚੋਂ, ਜਿਨ੍ਹਾਂ ਦੀ ਸਰਵਿਕਸ ਵਿਚ ਐਚ.ਪੀ.ਵੀ. ਦੀ ਇਨਫੈਕਸ਼ਨ ਹੈ, ਇਹ ਇਨਫੈਕਸ਼ਨ 2 ਸਾਲ ਦੇ ਵਿਚ ਵਿਚ ਖ਼ਤਮ ਹੋ ਜਾਵੇਗੀ।ਪਰ ਜਦੋਂ ਇਹ ਖ਼ਤਮ ਨਹੀਂ ਹੁੰਦੀ ਤਾਂ ਸਰਵਿਕਸ ਦੇ ਐਚ.ਪੀ.ਵੀ. ਨਾਲ ਇਨਫੈਕਟ ਹੋਏ ਸੈੱਲ ਇਕ ਤੋਂ ਵੀਹ ਸਾਲਾਂ ਦੇ ਦੌਰਾਨ ਕੈਂਸਰ ਵਾਲੇ ਬਣ ਸਕਦੇ ਹਨ।

### ਬੀ.ਸੀ. ਵਿਚ ਹਰ ਸਾਲ:

- 150 ਔਰਤਾਂ ਨੂੰ ਸਰਵਿਕਸ ਦਾ ਕੈਂਸਰ ਹੋ ਜਾਵੇਗਾ।
- 40 ਔਰਤਾਂ ਇਸ ਬਿਮਾਰੀ ਨਾਲ ਮਰ ਜਾਣਗੀਆਂ।
- 6,000 ਔਰਤਾਂ ਦੀਆਂ ਸਰਵਿਕਸਾਂ ਵਿਚ ਅਤਿ ਖ਼ਤਰੇ ਵਾਲੀਆਂ ਤਬਦੀਲੀਆਂ ਹੋਣਗੀਆਂ ਜੋ ਕੈਂਸਰ ਤੋਂ ਪਹਿਲਾਂ ਦੀਆਂ ਸਥਿਤੀਆਂ ਹੁੰਦੀਆਂ ਹਨ।
- ਸਰਵਿਕਸ ਦਾ ਕੈਂਸਰ ਹੋਣ ਤੋਂ ਰੋਕਣ ਲਈ 12,000 ਅੰਦਰੂਨੀ (ਇਨਵੇਸਵ) ਆਪਰੇਸ਼ਨ ਕੀਤੇ ਜਾਣਗੇ।

## ਐਚ.ਪੀ.ਵੀ. ਦਾ ਇਲਾਜ ਕੀ ਹੈ?

ਇਸਦਾ ਕੋਈ ਇਲਾਜ ਨਹੀਂ, ਪਰ ਕੁਝ ਵਿਸ਼ੇਸ਼ ਕਿਸਮਾਂ ਦੀਆਂ ਐਚ.ਪੀ.ਵੀ. ਇਨਫੈਕਸ਼ਨਾਂ ਐਚ.ਪੀ.ਵੀ. ਦੇ ਲੋਦੇ (ਵੈਕਸੀਨ) ਨਾਲ ਰੋਕੀਆਂ ਜਾ ਸਕਦੀਆਂ ਹਨ।ਕੁੜੀਆਂ ਤੇ ਔਰਤਾਂ ਦੀ ਸਭ ਤੋਂ ਵੱਧ ਸੁਰੱਖਿਆ ਉਦੋਂ ਹੁੰਦੀ ਹੈ ਜਦੋਂ ਉਹ ਲਿੰਗਿਕ ਤੌਰ ਤੇ ਸਰਗਰਮ ਹੋਣ ਤੋਂ ਪਹਿਲਾਂ ਐਚ.ਪੀ.ਵੀ. ਦਾ ਲੋਦਾ ਲਵਾ ਲੈਣ।

ਐਚ.ਪੀ.ਵੀ. ਦਾ ਲੋਦਾ ਲਵਾਉਣ ਦੀ ਸਿਫਾਰਸ਼ 9 ਤੋਂ 26 ਸਾਲ ਦੀਆਂ ਕੁੜੀਆਂ ਅਤੇ ਔਰਤਾਂ ਨੂੰ ਕੀਤੀ ਜਾਂਦੀ ਹੈ ਇਸਤੋਂ ਪਹਿਲਾਂ ਕਿ ਉਹ ਐਚ.ਪੀ.ਵੀ. ਤੋਂ ਪ੍ਰਭਾਵਿਤ ਹੋ ਜਾਣ। ਲੋਦਾ ਐਚ.ਪੀ.ਵੀ. ਇਨਫੈਕਸ਼ਨ ਨੂੰ ਰੋਕਦਾ ਹੈ ਪਰ ਜੇ ਇਕ ਵਾਰ ਇਨਫੈਕਸ਼ਨ ਹੋ ਜਾਵੇ ਤਾਂ ਇਸਨੂੰ ਹਟਾ ਨਹੀਂ ਸਕਦਾ।

ਔਰਤਾਂ ਲਈ ਇਹ ਜ਼ਰੂਰੀ ਹੈ ਕਿ ਜਦੋਂ ਉਹ ਇਕ ਵਾਰ ਲਿੰਗਿਕ ਤੌਰ ਤੇ ਸਰਗਰਮ ਹੋ ਜਾਣ ਤਾਂ ਬਾਕਾਇਦਾ ਪੈਪ ਟੈਸਟ ਕਰਵਾਉਣ ਕਿਉਂਕਿ ਐਚ.ਪੀ.ਵੀ. ਦਾ ਲੋਦਾ ਸਰਵਿਕਸ ਦੇ ਸਾਰੇ ਕੈਂਸਰਾਂ ਤੋਂ ਸੁਰੱਖਿਆ ਨਹੀਂ ਕਰਦਾ।

## ਐਚ.ਪੀ.ਵੀ. ਦਾ ਟੀਕਾ ਕਿਸਨੂੰ ਲਵਾਉਣਾ ਚਾਹੀਦਾ ਹੈ?

ਸਕੂਲ ਦੇ ਸਾਲ 2008-2009 ਤੋਂ ਸ਼ੁਰੂ ਕਰਕੇ, ਬੀ.ਸੀ. ਵਿਚ 6 ਅਤੇ 9 ਸ਼੍ਰੇਣੀ (ਗ੍ਰੇਡ) ਦੀਆਂ ਕੁੜੀਆਂ ਨੂੰ ਐਚ.ਪੀ.ਵੀ. ਦਾ ਟੀਕਾ ਮੁਫ਼ਤ ਲਾਇਆ ਜਾਇਆ ਕਰੇਗਾ।

ਇਹ ਟੀਕਾ ਉਹਨਾਂ ਔਰਤਾਂ ਨੂੰ ਵੀ ਲਾਭ ਪਹੁੰਚਾ ਸਕਦਾ ਹੈ ਜੋ ਲਿੰਗਿਕ ਤੌਰ ਤੇ ਸਰਗਰਮ ਹਨ ਪਰ ਉਹ ਅਜੇ ਐਚ.ਪੀ.ਵੀ. ਇਨਫੈਕਸ਼ਨ ਤੋਂ ਬਚੀਆਂ ਹੋਈਆਂ ਹਨ।

ਜਿਹਨਾਂ ਔਰਤਾਂ ਨੂੰ ਸਕੂਲ ਆਧਾਰਿਤ ਪ੍ਰੋਗਰਾਮ ਤੋਂ ਸਹਾਇਤਾ ਨਹੀਂ ਮਿਲ ਸਕਦੀ ਉਹ ਕਿਰਪਾ ਕਰਕੇ ਆਪਣੇ ਡਾਕਟਰ ਨਾਲ ਗੱਲ ਕਰਨ।

## ਮੈਂ ਐਚ.ਪੀ.ਵੀ. ਦੇ ਖ਼ਤਰੇ ਨੂੰ ਕਿਸ ਤਰ੍ਹਾਂ ਘਟਾ ਸਕਦੀ ਹਾਂ?

- ਐਚ.ਪੀ.ਵੀ. ਦਾ ਟੀਕਾ ਲਵਾਓ।
- ਲਿੰਗਿਕ ਸਰਗਰਮੀ ਵੇਲੇ ਹਮੇਸ਼ਾ ਨਿਰੋਧ ਵਰਤੋ।
- ਲਿੰਗਿਕ ਸਰਗਰਮੀ ਦਾ ਆਰੰਭ ਲੇਟ ਸ਼ੁਰੂ ਕਰੋ।

## ਹੋਰ ਜਾਣਕਾਰੀ ਲਈ

**ਹੋਰ ਜਾਣਕਾਰੀ ਲਈ, ਹੇਠਲੀਆਂ HealthLink BC Files (ਹੈੱਲਥਲਿੰਕ ਬੀ.ਸੀ. ਫਾਈਲਾਂ) ਵੇਖੋ:**

#101b ਹਿਊਮਨ ਪੈਪਿਲੋਮਾਵਾਇਰਸ (ਐਚ.ਪੀ.ਵੀ.) ਦਾ ਟੀਕਾ 6 ਓਤੇ 9 ਸ਼੍ਰੇਣੀ ਲਈ ਪ੍ਰੋਗਰਾਮ

#08k Genital Warts

#08c Pelvic Inflammatory Disease (PID)

BC Centre for Disease Control
AN AGENCY OF THE PROVINCIAL HEALTH SERVICES AUTHORITY

ਬੀ.ਸੀ. ਹੈਲਥਫਾਈਲ ਦੇ ਹੋਰ ਵਿਸ਼ਿਆਂ ਬਾਰੇ ਜਾਣਨ ਲਈ www.HealthLinkBC.ca/healthfiles/index.stm ਵੇਖੋ ਜਾਂ ਆਪਣੀ ਸਥਾਨਕ ਜਨਤਕ ਸਿਹਤ ਯੂਨਿਟ ਵਿਖੇ ਜਾਓ।

ਗੈਰ–ਹੰਗਾਮੀ ਸਿਹਤ ਜਾਣਕਾਰੀ ਅਤੇ ਬੀ.ਸੀ. ਵਿਚਲੀਆਂ ਸੇਵਾਵਾਂ ਲਈ www.HealthLinkBC.ca 'ਤੇ ਕਲਿੱਕ ਕਰੋ ਜਾਂ **8-1-1** 'ਤੇ ਫੋਨ ਕਰੋ।

ਬੋਲ਼ੇ ਅਤੇ ਉੱਚਾ ਸੁਣਨ ਵਾਲ਼ੇ ਮਦਦ ਲਈ ਬੀ.ਸੀ. ਵਿੱਚ 7-1-1 'ਤੇ ਫੋਨ ਕਰ ਸਕਦੇ ਹਨ।

ਮੰਗੇ ਜਾਣ 'ਤੇ 130 ਤੋਂ ਵੱਧ ਬੋਲੀਆਂ ਵਿੱਚ ਅਨੁਵਾਦ ਦੀਆਂ ਸੇਵਾਵਾਂ ਉਪਲਬਧ ਹਨ।